# ਗ੍ਰੀਸ ਦੇ ਪ੍ਰਧਾਨ ਮੰਤਰੀ ਦਾ ਭਾਰਤ ਦਾ ਰਾਜ ਦੌਰਾ (ਫਰਵਰੀ 21-22, 2024)

ਫਰਵਰੀ 17, 2024

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਹੇਲੇਨਿਕ ਗਣਰਾਜ (ਗ੍ਰੀਸ) ਦੇ ਪ੍ਰਧਾਨ ਮੰਤਰੀ, ਮਹਾਮਹਿਮ ਸ਼੍ਰੀ ਕਿਰੀਆਕੋਸ ਮਿਤਸੋਟਾਕਿਸ 21-22 ਫਰਵਰੀ 2024 ਤੱਕ ਭਾਰਤ ਦੇ ਇੱਕ ਰਾਜ ਦੌਰੇ 'ਤੇ ਰਹਿਣਗੇ। ਉਨ੍ਹਾਂ ਦੇ ਨਾਲ ਸੀਨੀਅਰ ਅਧਿਕਾਰੀ ਸ਼ਾਮਲ ਹੋਣਗੇ ਅਤੇ ਨਾਲ ਹੀ ਇੱਕ ਉੱਚ ਪੱਧਰੀ ਵਪਾਰਕ ਵਫ਼ਦ ਵੀ ਹੋਵੇਗਾ। ਪ੍ਰਧਾਨ ਮੰਤਰੀ ਮਿਤਸੋਟਾਕਿਸ ਨਵੀਂ ਦਿੱਲੀ ਵਿੱਚ 9ਵੇਂ ਰਾਇਸੀਨਾ ਡਾਇਲਾਗ, 2024 ਵਿੱਚ ਮੁੱਖ ਮਹਿਮਾਨ ਅਤੇ ਮੁੱਖ ਸੰਬੋਧਨ ਦੇਣ ਵਾਲੇ ਬੁਲਾਰੇ ਹੋਣਗੇ। ਏਥੇਂਸ ਪਰਤਣ ਤੋਂ ਪਹਿਲਾਂ ਉਹ ਮੁੰਬਈ ਦਾ ਵੀ ਦੌਰਾ ਕਰਨਗੇ।

2. ਪ੍ਰਧਾਨ ਮੰਤਰੀ ਮਿਤਸੋਟਾਕਿਸ ਦਾ ਰਾਸ਼ਟਰਪਤੀ ਭਵਨ ਦੇ ਸਾਹਮਣੇ ਰਸਮੀ ਸਵਾਗਤ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਪ੍ਰਧਾਨ ਮੰਤਰੀ ਮਿਤਸੋਟਾਕਿਸ ਦੁਵੱਲਾ ਆਦਾਨ-ਪ੍ਰਦਾਨ ਕਰਨਗੇ ਅਤੇ ਪ੍ਰਧਾਨ ਮੰਤਰੀ ਮੋਦੀ ਮਹਿਮਾਨ ਦੇ ਸਨਮਾਨ ਵਿੱਚ ਦੁਪਹਿਰ ਦੇ ਖਾਣੇ ਦੀ ਦਾਅਵਤ ਵੀ ਕਰਨਗੇ।

3. ਪ੍ਰਧਾਨ ਮੰਤਰੀ ਮੋਦੀ ਦੇ ਅਗਸਤ 2023 ਵਿੱਚ ਗ੍ਰੀਸ ਦੇ ਦੌਰੇ ਦੌਰਾਨ ਭਾਰਤ-ਗ੍ਰੀਸ ਦੇ ਸਬੰਧ 'ਰਣਨੀਤਕ ਸਾਂਝੇਦਾਰੀ' ਦੇ ਪੱਧਰ ਤੱਕ ਉੱਚੇ ਹੋਏ ਹਨ। ਉਹ ਸਾਂਝੀਆਂ ਸੱਭਿਆਚਾਰਕ ਕਦਰਾਂ-ਕੀਮਤਾਂ, ਆਰਥਿਕ ਵਿਕਾਸ ਦੇ ਪਾਲਣ ਪੋਸ਼ਣ ਦੀ ਵਚਨਬੱਧਤਾ, ਸੁਰੱਖਿਆ ਅਤੇ ਰੱਖਿਆ, ਸ਼ਿਪਿੰਗ, ਸਮੁੰਦਰੀ ਖੇਤਰਾਂ ਵਿੱਚ ਸਹਿਯੋਗ ਅਤੇ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਸੰਗਠਿਤ ਹੋਣ 'ਤੇ ਆਧਾਰਿਤ ਹਨ। ਦੋਵੇਂ ਦੇਸ਼ ਵਖੋ-ਵਖਰੇ ਬਹੁਪੱਖੀ ਮੰਚਾਂ ਤੇ ਇੱਕ ਦੂਜੇ ਦਾ ਨੇੜਿਓਂ ਸਹਿਯੋਗ ਕਰ ਰਹੇ ਹਨ।

4. ਇਹ 15 ਸਾਲ ਬਾਅਦ, ਗ੍ਰੀਸ ਤੋਂ ਭਾਰਤ ਨੂੰ ਰਾਜ/ਸਰਕਾਰ ਦੇ ਮੁਖੀ ਦੇ ਪੱਧਰ ਦਾ ਪਹਿਲਾ ਦੁਵੱਲੀ ਦੌਰਾ ਹੋਵੇਗਾ; ਅਖੀਰਲੀ ਵਾਰ ਪ੍ਰਧਾਨ ਮੰਤਰੀ ਦੇ ਪੱਧਰ ਦਾ ਗ੍ਰੀਸ ਤੋਂ ਭਾਰਤ ਨੂੰ ਦੌਰਾ 2008 ਵਿੱਚ ਹੋਇਆ ਸੀ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 25 ਅਗਸਤ 2023 ਨੂੰ ਏਥੇਂਸ ਗਏ ਸੀ। ਪ੍ਰਧਾਨ ਮੰਤਰੀ ਮਿਤਸੋਟਾਕਿਸ ਦੇ ਦੌਰੇ ਤੋਂ ਭਾਰਤ ਅਤੇ ਗ੍ਰੀਸ ਵਿਚਕਾਰ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਅਤੇ ਡੂੰਘਾ ਕਰਨ ਦੀ ਉਮੀਦ ਹੈ।

**ਨਵੀਂ ਦਿੱਲੀ**

**ਫਰਵਰੀ 17, 2024**